## ਸੁਰੱਖਿਅਤ ਢੰਗ ਨਾਲ ਸ਼ੁਰੂਆਤ ਕਰਨਾ

# ਘਰ ਵਿੱਚ ਸੜਕ ਸੁਰੱਖਿਆ ਸਬੰਧੀ ਸਿੱਖਿਆ

### ਸਿੱਖਿਆ ਅਨੁਭਵ ਜੋ ਬੱਚਿਆਂ ਨੂੰ ਸਾਡੀਆਂ ਸੜਕਾਂ 'ਤੇ ਵਧੇਰੇ ਸੁਰੱਖਿਅਤ ਬਣਨ ਵਿੱਚ ਸਹਾਇਤਾ ਕਰਦੇ ਹਨ

Punjabi








EARLY LEARNING ASSOCIATION AUSTRALIA

Starting Out Safely

# ਘਰ ਵਿੱਚ ਸੜਕ ਸੁਰੱਖਿਆ ਸੰਬੰਧੀ ਸਿੱਖਿਆ

### ਸਿੱਖਿਆ ਅਨੁਭਵ ਜੋ ਬੱਚਿਆਂ ਨੂੰ ਸਾਡੀਆਂ ਸੜਕਾਂ 'ਤੇ ਵਧੇਰੇ ਸੁਰੱਖਿਅਤ ਬਣਨ ਵਿੱਚ ਸਹਾਇਤਾ ਕਰਦੇ ਹਨ

Starting Out Safely

# ਸੜਕੀ ਚਿੰਨ੍ਹ ਬਣਾਉਣਾ ਅਤੇ ਵਰਤਣਾ

**ਸੜਕੀ ਚਿੰਨ੍ਹ ਬਣਾਉਣਾ ਅਤੇ ਵਰਤਣਾ ਬੱਚਿਆਂ ਨੂੰ ਸੜਕ ਨਿਯਮਾਂ ਬਾਰੇ ਸਿੱਖਣ ਵਿੱਚ ਸਹਾਇਤਾ ਕਰਦਾ ਹੈ ਜੋ ਸਾਡੀ ਸੜਕਾਂ ਦੀ ਵਰਤੋਂ ਕਰਦੇ ਸਮੇਂ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਮੱਦਦ ਕਰਦੇ ਹਨ।**

18 ਮਹੀਨੇ – 8 ਸਾਲ

***ਇਹ ਅਨੁਭਵ ਇਨ੍ਹਾਂ ਲਈ ਸਭ ਤੋਂ ਵਧੀਆ ਕੰਮ ਕਰੇਗਾ:***
**18 ਮਹੀਨੇ – 8 ਸਾਲ ਦੇ ਬੱਚਿਆਂ ਲਈ।**
ਛੋਟੇ ਬੱਚਿਆਂ ਨੂੰ ਇਸ ਵਿੱਚ ਮੱਦਦ ਦੀ ਲੋੜ ਪਵੇਗੀ, ਵੱਡੇ ਬੱਚੇ ਜ਼ਿਆਦਾਤਰ ਇਸਨੂੰ ਆਪਣੇ ਆਪ ਕਰਨ ਦੇ ਯੋਗ ਹੋਣਗੇ।

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

ਗੱਤੇ (ਕੋਈ ਪੁਰਾਣਾ ਸੀਰੀਅਲ ਵਾਲਾ ਡੱਬਾ ਛੋਟੇ ਚਿੰਨ੍ਹ ਲਈ ਬਿਲਕੁਲ ਸਹੀ ਹੈ, ਵੱਡਾ ਗੱਤੇ ਦਾ ਡੱਬਾ ਵੱਡੇ ਚਿੰਨ੍ਹ ਲਈ ਲਾਭਦਾਇਕ ਹੈ);

ਰੰਗ;

ਰੰਗਦਾਰ ਮਾਰਕਰ ਅਤੇ/ਜਾਂ ਰੰਗਦਾਰ ਕਾਗਜ਼;

ਜੇਕਰ ਲੋੜ ਹੋਵੇ ਤਾਂ ਸੜਕੀ ਚਿੰਨ੍ਹ ਲਗਾਉਣ ਲਈ ਹੋਣ ਲਈ ਮਾਪਕ ਜਾਂ ਹੋਰ ਕੋਈ ਡੰਡੇ।

## ਇਸਨੂੰ ਕਿਵੇਂ ਕਰਨਾ ਹੈ

ਆਪਣੇ ਖੁਦ ਦੇ ਸੜਕੀ ਚਿੰਨ੍ਹ ਬਣਾਓ – ਉਹ ਖਿਡੌਣੇ ਵਾਲੀਆਂ ਕਾਰਾਂ ਨਾਲ ਅੰਦਰਵਾਰ ਖੇਡਣ ਲਈ ਛੋਟੇ ਜਾਂ ਬਾਈਕ ਜਾਂ ਸਕੂਟਰਾਂ ਨਾਲ ਬਾਹਰਵਾਰ ਖੇਡਣ ਲਈ ਵੱਡੇ ਹੋ ਸਕਦੇ ਹਨ।


ਚਿੰਨ੍ਹਾਂ ਬਾਰੇ ਜਾਣਨ ਲਈ ਇਸ ਲਿੰਕ ਦੀ ਵਰਤੋਂ ਕਰਕੇ ਆਕਾਰ ਉਲੀਕੋ ਅਤੇ ਸਜਾਓ। ਤੁਸੀਂ ਉਹ ਚਿੰਨ੍ਹ ਵੀ ਬਣਾ ਸਕਦੇ ਹੋ ਜੋ ਤੁਸੀਂ ਆਪਣੇ ਆਂਢ-ਗੁਆਂਢ ਵਿੱਚ ਲੱਗੇ ਦੇਖਦੇ ਹੋ। ਆਪਣੇ ਬੱਚੇ ਨਾਲ ਇਸ ਬਾਰੇ ਗੱਲ ਕਰੋ ਕਿ ਉਹਨਾਂ ਚਿੰਨ੍ਹਾਂ ਦਾ ਕੀ ਮਤਲਬ ਹੈ।

ਛੋਟੇ ਚਿੰਨ੍ਹਾਂ ਦੀ ਵਰਤੋਂ ਰੇਲ ਸੈੱਟਾਂ ਜਾਂ ਕਾਰ ਟ੍ਰੈਕਾਂ ਨਾਲ ਕੀਤੀ ਜਾ ਸਕਦੀ ਹੈ। ਆਪਣੇ ਬੱਚੇ ਨਾਲ ਖੇਡਦੇ ਸਮੇਂ ਤੁਸੀਂ ਇੰਨ੍ਹਾਂ ਚਿੰਨ੍ਹਾਂ ਬਾਰੇ ਗੱਲ ਕਰ ਸਕਦੇ ਹੋ ਅਤੇ ਨਿਯਮਾਂ ਦੀ ਪਾਲਣਾ ਕਰ ਸਕਦੇ ਹੋ। *"ਓਹ ਦੇਖੋ, ਇਹ ਚਿੰਨ੍ਹ ਰੁਕਣ ਦਾ ਇਸ਼ਾਰਾ ਕਰਦਾ ਹੈ। ਮੈਨੂੰ ਇੱਥੇ ਰੁਕਣ ਦੀ ਲੋੜ ਹੈ।"*

ਵੱਡੇ ਚਿੰਨ੍ਹਾਂ ਦੀ ਵਰਤੋਂ ਬਾਹਰਵਾਰ ਸਰਗਰਮ ਖੇਡ ਅਤੇ ਆਪਣੇ ਸਾਈਕਲ, ਸਕੂਟਰ ਜਾਂ ਸੈਰ ਕਰਨ ਅਤੇ ਬਗੀਚੇ ਵਿੱਚ ਦੌੜਦੇ ਸਮੇਂ ਕੀਤੇ ਜਾ ਸਕਣ ਵਾਲੀਆਂ ਕਾਰਵਾਈਆਂ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਜਾ ਸਕਦੀ ਹੈ।





# ਸੜਕੀ ਚਿੰਨ੍ਹ ਬਣਾਉਣਾ ਅਤੇ ਵਰਤਣਾ

Starting Out Safely

## ਤੁਹਾਡਾ ਬੱਚਾ ਕੀ ਸਿੱਖ ਰਿਹਾ ਹੈ

ਸੜਕੀ ਨਿਯਮ ਅਤੇ ਚਿੰਨ੍ਹ ਸਾਨੂੰ ਇਹ ਯਾਦ ਰੱਖਣ ਵਿੱਚ ਮੱਦਦ ਕਰਦੇ ਹਨ ਕਿ ਕੀ ਕਰਨਾ ਹੈ।

ਕਿਵੇਂ 'ਰੁਕਣਾ, ਜਾਣਾ, ਹੌਲੀ ਹੋਣਾ' ਹੈ ਇਹ ਭਾਸ਼ਾ ਉਹਨਾਂ ਨੂੰ ਬਾਅਦ ਵਿੱਚ ਸੜਕ ਨਿਯਮਾਂ ਦੀ ਪਾਲਣਾ ਕਰਨ ਦੇ ਯੋਗ ਹੋਣ ਵਿੱਚ ਸਹਾਇਤਾ ਕਰਦੀ ਹੈ – ਉਹਨਾਂ ਨੂੰ ਸੁਰੱਖਿਅਤ ਰੱਖਦੀ ਹੈ।

## ਯਾਦ ਰੱਖਣਯੋਗ ਗੱਲਾਂ

ਕੁੱਝ ਜਾਣੇ-ਪਛਾਣੇ ਚਿੰਨ੍ਹਾਂ ਨਾਲ ਸ਼ੁਰੂਆਤ ਕਰੋ – ਤੁਸੀਂ ਕਿਸੇ ਦਿਨ ਸੈਰ ਕਰਦੇ ਸਮੇਂ ਕੁੱਝ ਚਿੰਨ੍ਹ ਚੁਣ ਸਕਦੇ ਹੋ ਅਤੇ ਫਿਰ ਉਨ੍ਹਾਂ ਨੂੰ ਬਣਾ ਸਕਦੇ ਹੋ। ਜਿਵੇਂ-ਜਿਵੇਂ ਤੁਹਾਡਾ ਬੱਚਾ ਉਨ੍ਹਾਂ ਚਿੰਨ੍ਹਾਂ ਤੋਂ ਜਾਣੂ ਹੁੰਦਾ ਜਾਂਦਾ ਹੈ ਤਾਂ ਹੌਲੀ-ਹੌਲੀ ਹੋਰ ਚਿੰਨ੍ਹ ਸ਼ਾਮਲ ਕਰਦੇ ਜਾਓ।

## ਤੁਹਾਡੇ ਬੱਚੇ ਨੂੰ ਪੁੱਛਣ ਲਈ ਸਵਾਲ ਅਤੇ ਕਿਸ ਬਾਰੇ ਗੱਲ ਕਰਨੀ ਹੈ

ਜਦੋਂ ਤੁਸੀਂ ਬਾਹਰ ਗਏ ਹੁੰਦੇ ਹੋ – *"ਤੁਸੀਂ ਕਿਹੜੇ ਟ੍ਰੈਫਿਕ ਚਿੰਨ੍ਹ ਦੇਖ ਸਕਦੇ ਹੋ?" "ਤੁਹਾਡੇ ਖਿਆਲ ਵਿੱਚ ਇੰਨ੍ਹਾਂ ਚਿੰਨ੍ਹਾਂ ਦਾ ਕੀ ਅਰਥ ਹੈ?"*

ਸਮਝਾਓ ਕਿ ਇਹ ਚਿੰਨ੍ਹ ਕਿਸ ਲਈ ਹਨ – "ਇਹ ਚਿੰਨ੍ਹ ਮੈਨੂੰ ਦੱਸਦਾ ਹੈ ਕਿ ਅਸੀਂ ਇੱਥੇ ਪੈਦਲ ਚੱਲ ਸਕਦੇ ਹਾਂ ਪਰ ਲੋਕ ਸਾਈਕਲ 'ਤੇ ਵੀ ਆ ਸਕਦੇ ਹਨ, ਸਾਨੂੰ ਖੱਬੇ ਪਾਸੇ ਰਹਿਣ ਦੀ ਲੋੜ ਹੈ।

## ਇਸ ਗਤੀਵਿਧੀ ਨੂੰ ਵਧਾਉਣ ਦੇ ਤਰੀਕੇ

ਗੱਤੇ ਦੀ ਕਾਰ ਅਤੇ ਟ੍ਰੈਫਿਕ ਚਿੰਨ੍ਹਾਂ ਦੀ ਵਰਤੋਂ ਕਰੋ – ਕਿਵੇਂ ਬਣਾਉਣਾ ਹੈ ਇਸ ਲਈ ਇਹ ਲਿੰਕ ਵੇਖੋ।

ਸੜਕ ਸੁਰੱਖਿਆ ਸੰਗੀਤ ਦੀ ਵਰਤੋਂ ਕਰਦੇ ਹੋਏ 'ਰੁਕੋ, ਜਾਓ, ਬੁੱਤ ਬਣ ਜਾਓ' ਖੇਡ ਖੇਡੋ। ਜਿਵੇਂ ਹੀ ਤੁਸੀਂ ਸੰਗੀਤ ਵਜਾਉਣਾ ਸ਼ੁਰੂ ਕਰਦੇ ਹੋ ਟ੍ਰੈਫਿਕ ਚਿੰਨ੍ਹ ਦਿਖਾਓ ਅਤੇ ਬੱਚਿਆਂ ਨੂੰ ਰੁਕਣ ਅਤੇ ਜਾਣਾ ਸਿੱਖਣ ਵਿੱਚ ਮੱਦਦ ਕਰਨ ਲਈ ਸੰਗੀਤ ਬੰਦ ਕਰੋ।

## ਬੱਚਿਆਂ ਨਾਲ ਗਾਉਣ ਲਈ ਗੀਤ

https://childroadsafety.org.au/parents/road-safety-songs/

## ਮਾਪਿਆਂ ਲਈ ਜਾਣਕਾਰੀ

https://childroadsafety.org.au/parents/parent-resource/




**ਪੁੱਛੋ...**

*"ਤੁਸੀਂ ਕਿਹੜੇ ਟ੍ਰੈਫਿਕ ਚਿੰਨ੍ਹ ਦੇਖ ਸਕਦੇ ਹੋ?"*

*"ਤੁਹਾਡੇ ਖਿਆਲ ਵਿੱਚ ਇਹਨਾਂ ਚਿੰਨ੍ਹਾਂ ਦਾ ਕੀ ਅਰਥ ਹੈ?"*



ਘਰ ਵਿੱਚ ਸੜਕ ਸੁਰੱਖਿਆ ਸੰਬੰਧੀ ਸਿੱਖਿਆ

ਸਿੱਖਿਆ ਅਨੁਭਵ ਜੋ ਬੱਚਿਆਂ ਨੂੰ ਸਾਡੀਆਂ ਸੜਕਾਂ 'ਤੇ ਵਧੇਰੇ ਸੁਰੱਖਿਅਤ ਬਣਨ ਵਿੱਚ ਸਹਾਇਤਾ ਕਰਦੇ ਹਨ

Starting Out Safely

# ਖਿਡੌਣਿਆਂ ਲਈ ਹੈਲਮੇਟ ਬਣਾਉਣਾ

ਬੱਚਿਆਂ ਦੇ ਖਿਡੌਣਿਆਂ ਲਈ ਹੈਲਮੇਟ ਬਣਾਉਣਾ ਬੱਚਿਆਂ ਨੂੰ ਹੈਲਮੇਟ ਪਹਿਨਣ ਬਾਰੇ ਸਿੱਖਣ ਵਿੱਚ ਸਹਾਇਤਾ ਕਰਦਾ ਹੈ ਜਦੋਂ ਵੀ ਉਹ ਸਾਈਕਲ ਜਾਂ ਪਹੀਏ ਵਾਲੇ ਖਿਡੌਣੇ 'ਤੇ ਹੁੰਦੇ ਹਨ।

18 ਮਹੀਨੇ – 8 ਸਾਲ

***ਇਹ ਅਨੁਭਵ ਇਨ੍ਹਾਂ ਲਈ ਸਭ ਤੋਂ ਵਧੀਆ ਕੰਮ ਕਰੇਗਾ:***

**18 ਮਹੀਨੇ – 8 ਸਾਲ ਦੇ ਬੱਚਿਆਂ ਲਈ।**

ਛੋਟੇ ਬੱਚਿਆਂ ਨੂੰ ਇਸ ਵਿੱਚ ਮੱਦਦ ਦੀ ਲੋੜ ਪਵੇਗੀ, ਵੱਡੇ ਬੱਚੇ ਜ਼ਿਆਦਾਤਰ ਇਸਨੂੰ ਆਪਣੇ ਆਪ ਕਰਨ ਦੇ ਯੋਗ ਹੋਣਗੇ।

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

ਖ਼ਾਲੀ ਮਾਰਜਰੀਨ (ਮੱਖਣ) ਵਾਲੇ ਡੱਬੇ, ਦਹੀਂ ਦੀ ਬਾਲਟੀ ਜਾਂ ਕੋਈ ਹੋਰ ਗੋਲ ਕੰਟੇਨਰ;

ਰਿਬਨ, ਪਾਈਪ ਕਲੀਨਰ ਜਾਂ ਈਲਾਸਟਿਕ;

ਸਟਿੱਕਰ ਜਾਂ ਹੋਰ ਸਜਾਵਟ (ਆਪਣੀ ਮਰਜ਼ੀ ਮੁਤਾਬਕ)।

## ਇਸਨੂੰ ਕਿਵੇਂ ਕਰਨਾ ਹੈ

ਆਪਣੇ ਰੀਸਾਈਕਲਿੰਗ ਲਈ ਭੇਜਣ ਵਾਲੇ ਸਾਮਾਨ ਵਿੱਚੋਂ ਕੋਈ ਡੱਬਾ ਲੱਭੋ ਜੋ ਤੁਹਾਡੇ ਬੱਚੇ ਦੇ ਖਿਡੌਣੇ (ਟੈਡੀ ਬੀਅਰ, ਨਰਮ ਖਿਡੌਣਾ, ਜਾਂ ਗੁੱਡੀ) ਦੇ ਸਿਰ 'ਤੇ ਆਉਂਦਾ ਹੋਵੇ।

ਕੁੱਝ ਰਿਬਨ, ਈਲਾਸਟਿਕ ਜਾਂ ਪਾਈਪ ਕਲੀਨਰ ਨੂੰ ਸਾਈਜ਼ ਮੁਤਾਬਿਕ ਕੱਟੋ।

ਫੀਤੀਆਂ ਨੂੰ ਵਿੱਚ ਦੀ ਲੰਘਾਉਣ ਅਤੇ ਬੰਨ੍ਹਣ ਲਈ ਇਸਦੇ ਪਾਸਿਆਂ 'ਤੇ ਛੇਕ ਕਰੋ। ਤੁਸੀਂ ਉਹਨਾਂ ਨੂੰ ਸਟੈਪਲ ਵੀ ਕਰ ਸਕਦੇ ਹੋ ਜਾਂ ਮਾਸਕਿੰਗ ਟੇਪ ਦੀ ਵਰਤੋਂ ਕਰ ਸਕਦੇ ਹੋ।

ਹੈਲਮੇਟ ਨੂੰ ਸਜਾਓ।

ਆਪਣੇ ਬੱਚੇ ਨੂੰ ਹੈਲਮੇਟ ਦੀ ਵਰਤੋਂ ਕਰਨ ਲਈ ਉਤਸ਼ਾਹਿਤ ਕਰੋ ਜਦੋਂ ਵੀ ਉਹ ਆਪਣੇ ਦੋਸਤਾਂ ਨੂੰ ਆਪਣੇ ਪਹੀਏ ਵਾਲੇ ਖਿਡੌਣਿਆਂ ਜਾਂ ਸਾਈਕਲ 'ਤੇ ਬਿਠਾਕੇ ਲੈ ਕੇ ਜਾਂਦਾ ਹੈ।





# ਖਿਡੌਣਿਆਂ ਲਈ ਹੈਲਮੇਟ ਬਣਾਉਣਾ

Starting Out Safely

## ਤੁਹਾਡਾ ਬੱਚਾ ਕੀ ਸਿੱਖ ਰਿਹਾ ਹੈ

ਜਦੋਂ ਅਸੀਂ ਸਾਈਕਲ, ਸਕੂਟਰ, ਜਾਂ ਪਹੀਏ ਵਾਲਾ ਖਿਡੌਣਾ ਚਲਾ ਰਹੇ ਹੁੰਦੇ ਹਾਂ ਤਾਂ ਸਾਨੂੰ ਸੁਰੱਖਿਅਤ ਰਹਿਣ ਲਈ ਹੈਲਮੇਟ ਪਹਿਨਣਾ ਮਹੱਤਵਪੂਰਨ ਹੁੰਦਾ ਹੈ।

ਵਿਕਟੋਰੀਆ ਵਿੱਚ ਹੈਲਮੇਟ ਪਹਿਨਣਾ ਲਾਜ਼ਮੀ ਹੈ, ਇਹ ਕਾਨੂੰਨ ਹੈ।

## ਯਾਦ ਰੱਖਣਯੋਗ ਗੱਲਾਂ

ਹਰ ਸਮੇਂ ਹੈਲਮੇਟ ਪਹਿਨਣਾ, ਇੱਥੋਂ ਤੱਕ ਕਿ ਪਿੱਛੇ ਬਗੀਚੇ ਵਿੱਚ ਹੁੰਦੇ ਹੋਏ ਵੀ ਜਦੋਂ ਵੀ ਤੁਹਾਡਾ ਬੱਚਾ ਪਹੀਏ ਵਾਲੇ ਖਿਡੌਣੇ ਦੀ ਸਵਾਰੀ ਕਰਦਾ ਹੈ, ਇਸਦਾ ਮਤਲਬ ਹੈ ਕਿ ਇਹ ਇੱਕ ਆਦਤ ਬਣ ਜਾਵੇਗੀ ਜਿਸਨੂੰ ਉਹਨਾਂ ਵੱਲੋਂ ਭੁੱਲਣ ਦੀ ਸੰਭਾਵਨਾ ਨਹੀਂ ਹੈ। ਇੱਕ ਵਾਰ ਜਦੋਂ ਉਹ ਆਪਣੇ ਪਹੀਏ ਵਾਲੇ ਖਿਡੌਣੇ ਦੀ ਸਵਾਰੀ ਕਰ ਲੈਂਦੇ ਹਨ, ਤਾਂ ਹੈਲਮੇਟ ਉਤਾਰ ਦਿਓ।

ਬਾਲਗ਼ਾਂ ਨੂੰ ਵੀ ਹੈਲਮੇਟ ਪਹਿਨਣ ਦੀ ਲੋੜ ਹੁੰਦੀ ਹੈ। ਹਮੇਸ਼ਾ ਚੰਗੀ ਆਦਤ ਦੀ ਉਦਾਹਰਨ ਪੇਸ਼ ਕਰੋ।

ਹਮੇਸ਼ਾ ਹੈਲਮੇਟ ਪਹਿਨੋ ਭਾਵੇਂ ਤੁਸੀਂ ਘਰ ਦੇ ਬੈਕਯਾਰਡ ਵਿੱਚ ਹੀ ਥੋੜ੍ਹੀ ਦੇਰ ਸਾਈਕਲ ਜਾਂ ਬੱਚਿਆਂ ਦੀ ਬਾਈਕ ਚਲਾ ਰਹੇ ਹੋ।

ਹੈਲਮੇਟ ਦੇ ਹੇਠਾਂ ਸੂਰਜ ਤੋਂ ਸੁਰੱਖਿਆ ਵਾਲੀਆਂ ਟੋਪੀਆਂ ਪਹਿਨਣਾ ਉਹਨਾਂ ਨੂੰ ਘੱਟ ਸੁਰੱਖਿਅਤ ਬਣਾਉਂਦੀਆਂ ਹਨ – ਪਹਿਲਾਂ ਆਪਣੀ ਟੋਪੀ ਉਤਾਰੋ (ਜੇਕਰ ਤੁਹਾਨੂੰ ਲੋੜ ਹੋਵੇ ਤਾਂ ਸਨਸਕ੍ਰੀਨ ਲਗਾਉਣਾ ਯਕੀਨੀ ਬਣਾਓ)।

## ਤੁਹਾਡੇ ਬੱਚੇ ਨੂੰ ਪੁੱਛਣ ਲਈ ਸਵਾਲ ਅਤੇ ਕਿਸ ਬਾਰੇ ਗੱਲ ਕਰਨੀ ਹੈ

ਹੈਲਮੇਟ ਨੂੰ ਨਾਲ ਲੱਗੇ ਹੋਏ ਹੋਣ ਦੀ ਜ਼ਰੂਰਤ ਹੈ ਤਾਂ ਜੋ ਇਹ ਹਿੱਲੇ ਨਾ ਅਤੇ ਇਸ ਲਈ ਇਹ ਤੁਹਾਡੇ ਸਿਰ ਦੇ ਅਗਲੇ ਅਤੇ ਪਿਛਲੇ ਹਿੱਸੇ ਦਾ ਬਚਾਅ ਕਰਦਾ ਹੈ, ਇਸ ਲਈ ਸਹੀ ਆਕਾਰ ਦੇ ਕੰਟੇਨਰ ਨੂੰ ਚੁਣੋ।

ਸਾਨੂੰ ਹਰ ਸਮੇਂ ਆਪਣੇ ਸਿਰ ਦੀ ਸੁਰੱਖਿਆ ਕਰਨੀ ਚਾਹੀਦੀ ਹੈ ਅਤੇ ਆਪਣੇ ਖ਼ਾਸ ਦੋਸਤਾਂ ਦੇ ਸਿਰਾਂ ਦੀ ਵੀ।

ਜੇਕਰ ਤੁਸੀਂ ਪੁੱਛਦੇ ਹੋ, *"ਕੀ ਟੈਡੀ ਨੂੰ ਉਸਦਾ ਹੈਲਮੇਟ ਮਿਲ ਗਿਆ ਹੈ?"* ਤੁਹਾਡਾ ਬੱਚਾ ਸ਼ਾਇਦ ਉਸਨੂੰ ਨੂੰ ਯਾਦ ਕਰਵਾਏ ਬਗੈਰ ਆਪਣਾ ਵੀ ਹੈਲਮੇਟ ਲੈ ਲਵੇ – ਇਹ ਬੱਚਿਆਂ ਨੂੰ ਹਮੇਸ਼ਾ ਆਪਣਾ ਹੈਲਮੇਟ ਪਹਿਨਣਾ ਯਾਦ ਰੱਖਣ ਲਈ ਉਤਸ਼ਾਹਿਤ ਕਰਦਾ ਹੈ।

## ਇਸ ਗਤੀਵਿਧੀ ਨੂੰ ਵਧਾਉਣ ਦੇ ਤਰੀਕੇ

ਤੁਸੀਂ ਇਸ ਬਾਰੇ ਵੀ ਸੋਚ ਸਕਦੇ ਹੋ: ਸਾਈਕਲ ਜਾਂ ਸਕੂਟਰ ਖਿਡੌਣੇ ਲਈ ਆਪਣੀ ਕਾਰ ਸੀਟ ਜਾਂ ਸਾਈਕਲ ਸੀਟ ਬਣਾਉਣਾ।

## ਹੈਲਮੇਟ ਪਾਉਣ ਬਾਰੇ ਗੀਤ

https://childroadsafety.org.au/wp-content/uploads/2020/06/04-Track-4.mp3

## ਮਾਪਿਆਂ ਲਈ ਜਾਣਕਾਰੀ

https://childroadsafety.org.au/parents/helmets/

https://www.vicroads.vic.gov.au/safety-and-road-rules/road-safety-education/helmet-tips-for-parents-and-carers



**ਪੁੱਛੋ...**

*"ਕੀ ਟੈਡੀ ਨੇ ਆਪਣਾ ਹੈਲਮੇਟ ਲਿਆ ਹੈ?"*

Starting Out Safely

# ਨਕਸ਼ਾ ਬਣਾਉਣਾ

ਨਕਸ਼ੇ ਬਣਾਉਣਾ ਬੱਚਿਆਂ ਨੂੰ ਇਸ ਬਾਰੇ ਸੋਚਣ ਅਤੇ ਯੋਜਨਾ ਬਣਾਉਣ ਵਿੱਚ ਸਹਾਇਤਾ ਕਰਦਾ ਹੈ ਕਿ ਜਦੋਂ ਉਹ ਘਰੋਂ ਬਾਹਰ ਹੁੰਦੇ ਹਨ ਤਾਂ ਕਿਵੇਂ ਸੁਰੱਖਿਅਤ ਰਹਿਣਾ ਹੈ।

4 – 8 ਸਾਲ

*ਇਹ ਅਨੁਭਵ ਇਨ੍ਹਾਂ ਲਈ ਸਭ ਤੋਂ ਵਧੀਆ ਕੰਮ ਕਰੇਗਾ:*
4 – 8 ਸਾਲ ਦੀ ਉਮਰ ਦੇ ਬੱਚਿਆਂ ਲਈ।

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

ਕਾਗਜ਼ ਅਤੇ ਪੈਨਸਿਲਾਂ, ਕੈਪ ਵਾਲੇ ਪੈੱਨ ਜਾਂ ਕ੍ਰੇਓਨਸ

## ਇਸਨੂੰ ਕਿਵੇਂ ਕਰਨਾ ਹੈ

ਫ਼ੈਸਲਾ ਕਰੋ ਕਿ ਤੁਸੀਂ ਕਿਸ ਚੀਜ਼ ਦਾ ਨਕਸ਼ਾ ਬਣਾਉਣ ਜਾ ਰਹੇ ਹੋ। ਉਸ ਥਾਂ ਤੋਂ ਸ਼ੁਰੂਆਤ ਕਰੋ ਜਿਸ ਤੋਂ ਤੁਹਾਡਾ ਬੱਚਾ ਜਾਣੂ ਹੈ, ਉਦਾਹਰਨ ਲਈ ਤੁਹਾਡੇ ਘਰ ਤੋਂ ਨੇੜਲੀ ਦੁਕਾਨ ਜਾਂ ਪਾਰਕ ਵਿੱਚ ਜਾਣਾ, ਜਾਂ ਤੁਹਾਡੇ ਬੱਚੇ ਵੱਲੋਂ ਚੁਣੀ ਗਈ ਕੋਈ ਥਾਂ।

ਆਪਣੇ ਬੱਚੇ ਨੂੰ ਪਹਿਲਾਂ ਆਪਣੇ ਘਰ ਨੂੰ ਉਲੀਕਣ ਲਈ ਕਹੋ ਅਤੇ ਫਿਰ ਆਪਣੇ ਬੱਚੇ ਨੂੰ ਪੁੱਛੋ ਕਿ *"ਅਸੀਂ... ਕਿਵੇਂ ਪਹੁੰਚਦੇ ਹਾਂ?"*

ਉਦਾਹਰਨ ਲਈ, *"ਕੀ ਤੁਸੀਂ ਆਪਣਾ ਘਰ ਬਣਾ ਸਕਦੇ ਹੋ?" "ਅਤੇ ਪਾਰਕ ਵੀ?" "ਅਸੀਂ ਆਪਣੇ ਘਰ ਤੋਂ ਪਾਰਕ ਤੱਕ ਕਿਵੇਂ ਜਾ ਸਕਦੇ ਹਾਂ?" "ਕੀ ਤੁਸੀਂ ਮੇਰੇ ਲਈ ਨਕਸ਼ਾ ਬਣਾ ਸਕਦੇ ਹੋ?" "ਪਾਰਕ ਜਾਣ ਲਈ ਸੜਕ ਪਾਰ ਕਰਨ ਲਈ ਸਭ ਤੋਂ ਸੁਰੱਖਿਅਤ ਥਾਂ ਕਿੱਥੇ ਹੈ?" "ਕੀ ਅਸੀਂ ਸੜਕ ਪਾਰ ਕੀਤੇ ਬਗ਼ੈਰ ਉੱਥੇ ਜਾ ਸਕਦੇ ਹਾਂ?"*

ਆਪਣੇ ਬੱਚੇ ਨੂੰ ਮੁੱਖ ਥਾਵਾਂ (ਰੁੱਖ, ਪਾਰਕ, ਇਮਾਰਤਾਂ, ਪੁਲ), ਗਲੀਆਂ, ਹੋਰ ਘਰ ਆਦਿ ਬਣਾਉਣ ਲਈ ਉਤਸ਼ਾਹਿਤ ਕਰੋ।

ਫਿਰ, ਆਪਣੀ ਮੰਜ਼ਿਲ ਲੱਭਣ ਲਈ ਆਪਣੇ ਨਕਸ਼ੇ ਦੀ ਵਰਤੋਂ ਕਰੋ।





# ਨਕਸ਼ਾ ਬਣਾਉਣਾ

Starting Out Safely

## ਤੁਹਾਡਾ ਬੱਚਾ ਕੀ ਸਿੱਖ ਰਿਹਾ ਹੈ

ਆਪਣੇ ਬੱਚੇ ਨੂੰ ਇਹ ਸੋਚਣ ਲਈ ਉਤਸ਼ਾਹਿਤ ਕਰਨਾ ਕਿ ਜਦੋਂ ਉਹ ਘਰੋਂ ਬਾਹਰ ਹੁੰਦੇ ਹਨ ਤਾਂ ਉਹ ਕਿੱਥੇ ਹਨ, ਇਹ ਉਹਨਾਂ ਨੂੰ ਆਪਣੇ ਸਥਾਨਕ ਭਾਈਚਾਰੇ ਬਾਰੇ ਸਿੱਖਣ ਵਿੱਚ ਮੱਦਦ ਕਰੇਗਾ ਅਤੇ ਜਦੋਂ ਉਹ ਵੱਡੇ ਹੋ ਜਾਣਗੇ ਤਾਂ ਆਪਣੇ ਆਲੇ-ਦੁਆਲੇ ਆਪਣਾ ਰਸਤਾ ਲੱਭਣ ਦੇ ਯੋਗ ਹੋਣਗੇ।

ਕਿਤੇ ਜਾਣ ਦਾ ਸਭ ਤੋਂ ਸੁਰੱਖਿਅਤ ਤਰੀਕਾ – ਨਕਸ਼ੇ 'ਤੇ ਪੈਦਲ ਚੱਲਣ ਵਾਲੇ ਲੋਕਾਂ ਦੀ ਵਰਤੋਂ ਵਾਲੀਆਂ ਕਰਾਸਿੰਗਾਂ ਜਾਂ ਟ੍ਰੈਫਿਕ ਲਾਈਟਾਂ ਨੂੰ ਉਲੀਕ ਕੇ, ਜਿੱਥੇ ਉਚਿਤ ਹੋਵੇ, ਤੁਸੀਂ ਕਿਤੇ ਜਾਣ ਦੇ ਸਭ ਤੋਂ ਤੇਜ਼ ਰਸਤੇ ਦੀ ਬਜਾਏ ਸਭ ਤੋਂ ਸੁਰੱਖਿਅਤ ਰਸਤੇ ਬਾਰੇ ਗੱਲ ਕਰ ਸਕਦੇ ਹੋ।

## ਮਾਪਿਆਂ ਲਈ ਜਾਣਕਾਰੀ

https://childroadsafety.org.au/wp-content/uploads/2020/06/Parent-Resource.pdf

## ਯਾਦ ਰੱਖਣਯੋਗ ਗੱਲਾਂ

ਜਦੋਂ ਤੁਸੀਂ ਆਪਣੀ ਮੰਜ਼ਿਲ ਲੱਭਣ ਲਈ ਨਕਸ਼ੇ ਦੀ ਵਰਤੋਂ ਕਰ ਰਹੇ ਹੁੰਦੇ ਹੋ, ਤਾਂ ਬਹੁਤ ਸਾਰਾ ਸਮਾਂ ਦਿਓ। ਇਹ ਕੋਈ ਝੱਟਪੱਟ ਮੁਕਾਉਣ ਵਾਲੀ ਯਾਤਰਾ ਨਹੀਂ ਹੈ। ਪੈਦਲ ਚੱਲਦੇ ਸਮੇਂ ਹਮੇਸ਼ਾ ਹੱਥ ਫੜੋ ਅਤੇ ਉਸੇ ਸਮੇਂ ਤੁਰਨ ਅਤੇ ਨਕਸ਼ੇ ਨੂੰ ਪੜ੍ਹਨ ਦੀ ਬਜਾਏ ਰੁਕ ਕੇ ਨਕਸ਼ਾ ਦੇਖੋ।

ਨਕਸ਼ਾ ਉਲੀਕਣ ਵੇਲੇ ਅਤੇ ਜਦੋਂ ਤੁਸੀਂ ਬਾਹਰ ਹੁੰਦੇ ਹੋ, ਸੁਰੱਖਿਆ ਵਾਲੀਆਂ ਥਾਵਾਂ ਦੇ ਸਥਾਨਾਂ ਨੂੰ ਦਰਸਾਓ। ਉਦਾਹਰਨ ਲਈ, ਪੁਲਿਸ ਸਟੇਸ਼ਨ, ਕਿਸੇ ਦੋਸਤ ਜਾਂ ਰਿਸ਼ਤੇਦਾਰ ਦਾ ਘਰ, ਕਿੰਡਰਗਾਰਟਨ। ਆਪਣੇ ਬੱਚਿਆਂ ਨਾਲ ਇਸ ਬਾਰੇ ਗੱਲ ਕਰੋ ਕਿ ਜੇਕਰ ਉਹਨਾਂ ਨੂੰ ਕਦੇ ਲੋੜ ਹੋਵੇ ਤਾਂ ਉਹ ਕਿਸ ਤੋਂ ਮੱਦਦ ਮੰਗ ਸਕਦੇ ਹਨ।



## ਤੁਹਾਡੇ ਬੱਚੇ ਨੂੰ ਪੁੱਛਣ ਲਈ ਸਵਾਲ ਅਤੇ ਕਿਸ ਬਾਰੇ ਗੱਲ ਕਰਨੀ ਹੈ

ਇਸ ਬਾਰੇ ਗੱਲ ਕਰੋ ਕਿ ਨਕਸ਼ੇ 'ਤੇ ਕਿਹੜੇ ਸਥਾਨ ਅਸੁਰੱਖਿਅਤ ਹੋ ਸਕਦੇ ਹਨ ਅਤੇ ਕਿਉਂ।

ਇਸ ਬਾਰੇ ਗੱਲ ਕਰੋ ਕਿ ਜਦੋਂ ਤੁਸੀਂ ਉਹਨਾਂ ਸਥਾਨਾਂ 'ਤੇ ਜਾਂਦੇ ਹੋ ਤਾਂ ਤੁਸੀਂ ਕਿਵੇਂ ਸੁਰੱਖਿਅਤ ਰਹਿ ਸਕਦੇ ਹੋ।

## ਬੱਚਿਆਂ ਨਾਲ ਗਾਉਣ ਲਈ ਗੀਤ

https://childroadsafety.org.au/parents/road-safety-songs/

**ਪੁੱਛੋ...**

*"ਅਸੀਂ ਆਪਣੇ ਘਰ ਤੋਂ ਪਾਰਕ ਤੱਕ ਕਿਵੇਂ ਜਾ ਸਕਦੇ ਹਾਂ?"*

*"ਕੀ ਤੁਸੀਂ ਮੇਰੇ ਲਈ ਇੱਕ ਨਕਸ਼ਾ ਉਲੀਕ ਸਕਦੇ ਹੋ?"*

# ਸੜਕ ਸੁਰੱਖਿਆ ਦਿਸ਼ਾਵਾਂ ਦੀ ਖੇਡ

ਸੜਕ ਸੁਰੱਖਿਆ ਦਿਸ਼ਾ ਦੀ ਖੇਡ ਉਨ੍ਹਾਂ ਸ਼ਬਦਾਂ ਅਤੇ ਵਿਚਾਰਾਂ ਬਾਰੇ ਜਾਣਨ ਅਤੇ ਉਹਨਾਂ ਦੀ ਵਰਤੋਂ ਕਰਨ ਦਾ ਇੱਕ ਮਜ਼ੇਦਾਰ ਤਰੀਕਾ ਹੈ ਜੋ ਸਾਡੀਆਂ ਸੜਕਾਂ 'ਤੇ ਸੁਰੱਖਿਅਤ ਹੋਣ ਦਾ ਵਰਣਨ ਕਰਦੇ ਹਨ।

3 – 8 ਸਾਲ

*ਇਹ ਅਨੁਭਵ ਇਨ੍ਹਾਂ ਲਈ ਸਭ ਤੋਂ ਵਧੀਆ ਕੰਮ ਕਰੇਗਾ:*
**3–8 ਸਾਲ ਦੀ ਉਮਰ ਦੇ ਬੱਚਿਆਂ ਲਈ।**

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

**ਫਰਸ਼ ਜਾਂ ਘਾਹ 'ਤੇ ਲਗਾਉਣ ਲਈ ਕਾਗਜ਼ ਤੋਂ ਬਣੇ ਰੰਗਦਾਰ ਪਰਚੀਆਂ ਜਾਂ ਗੀਟੀਆਂ** (ਜੇਕਰ ਤੁਹਾਡੇ ਕੋਲ ਉਹਨਾਂ ਨੂੰ ਉਲੀਕਣ ਲਈ ਕੰਕਰੀਟ 'ਤੇ ਸੁਰੱਖਿਅਤ ਜਗ੍ਹਾ ਹੈ, ਤਾਂ ਤੁਸੀਂ ਚਾਕ ਨਾਲ ਅਜਿਹਾ ਕਰ ਸਕਦੇ ਹੋ ਪਰ ਕਿਰਪਾ ਕਰਕੇ ਡਰਾਈਵ-ਵੇਅ ਤੋਂ ਦੀ ਵਰਤੋਂ ਕਰਨ ਤੋਂ ਗੁਰੇਜ਼ ਕਰੋ)। ਲਗਭਗ 16 ਨਿਸ਼ਾਨਾਂ ਨਾਲ ਸ਼ੁਰੂ ਕਰੋ ਅਤੇ ਜਿਵੇਂ-ਜਿਵੇਂ ਤੁਹਾਡਾ ਬੱਚਾ ਗੇਮ ਵਿੱਚ ਵਧੇਰੇ ਆਤਮਵਿਸ਼ਵਾਸ ਪ੍ਰਾਪਤ ਕਰਦਾ ਹੈ ਉਹਨਾਂ ਦੀ ਗਿਣਤੀ ਵਧਾਓ।

**ਪਾਸੇ ਵਜੋਂ ਵਰਤਣ ਲਈ ਇੱਕ ਵਰਗਾਕਾਰ ਡੱਬਾ।**

**ਕਾਗਜ਼ ਅਤੇ ਮਾਰਕਰ।**

**ਖੇਡਣ ਲਈ ਕੋਈ ਸੁਰੱਖਿਅਤ ਥਾਂ।**

## ਇਸਨੂੰ ਕਿਵੇਂ ਕਰਨਾ ਹੈ

**ਇਸ ਖੇਡ ਦਾ ਉਦੇਸ਼ ਸ਼ੁਰੂਆਤ ਤੋਂ ਅੰਤ ਵਾਲੇ ਬਿੰਦੂ ਤੱਕ ਜਾਣਾ ਹੈ।**

**ਇੱਕ ਥਾਂ 'ਤੇ ਸ਼ੁਰੂ** (START) ਰੱਖੋ ਅਤੇ ਦੂਜੇ 'ਤੇ **ਅੰਤ** (FINISH) ਕਰੋ।

**ਇਸ 'ਤੇ 6 ਨਿਰਦੇਸ਼ਾਂ ਲਿਖਕੇ ਇੱਕ ਪਾਸਾ (ਗੀਟੀ) ਬਣਾਓ** –
ਅੱਗੇ, ਪਿੱਛੇ, ਖੱਬੇ, ਸੱਜੇ, ਉਡੀਕ ਕਰੋ ਅਤੇ ਜਾਓ।

**ਰੰਗਦਾਰ ਨਿਸ਼ਾਨਾਂ ਨੂੰ ਇੱਕ ਗਰਿੱਡ ਨੁਮਾ ਪੈਟਰਨ ਵਿੱਚ ਰੱਖੋ**, ਉਨ੍ਹਾਂ ਵਿੱਚ ਵਿੱਥ ਰੱਖੋ ਤਾਂ ਜੋ ਤੁਹਾਡਾ ਬੱਚਾ/ਬੱਚੇ ਆਸਾਨੀ ਨਾਲ ਇੱਕ ਤੋਂ ਦੂਜੇ ਤੱਕ ਜਾ ਸਕਣ।

**ਆਪਣੇ ਜਾਂ ਕਿਸੇ ਹੋਰ ਬੱਚੇ ਨਾਲ** ਵਾਰੀਆਂ ਲੈ ਕੇ ਹਰ ਬੱਚਾ ਪਾਸਾ ਘੁੰਮਾਉਂਦਾ ਹੈ ਅਤੇ ਇਸ 'ਤੇ ਦਿੱਤੀਆਂ ਦਿਸ਼ਾ ਹਿਦਾਇਤਾਂ ਦੀ ਪਾਲਣਾ ਕਰਦਾ ਹੈ।

ਜੇਕਰ ਪਾਸਾ ਘੁੰਮਾਉਣ 'ਤੇ ਅੱਗੇ, ਪਿੱਛੇ, ਖੱਬੇ ਜਾਂ ਸੱਜੇ ਆਉਂਦਾ ਹੈ,
ਤਾਂ ਸਹੀ ਦਿਸ਼ਾ ਵਿੱਚ ਇੱਕ ਨਿਸ਼ਾਨ 'ਤੇ ਇੱਕ ਕਦਮ ਚੱਲੋ;

ਜੇ ਪਾਸਾ ਘੁੰਮਾਉਣ 'ਤੇ ਉਡੀਕ ਆਉਂਦਾ ਹੈ,
ਤਾਂ ਤੁਸੀਂ ਬਿਲਕੁਲ ਨਹੀਂ ਹਿੱਲਣਾ ਹੈ;

ਜੇ ਪਾਸਾ ਘੁੰਮਾਉਣ 'ਤੇ 'ਜਾਓ' ਆਉਂਦਾ ਹੈ,
ਤੁਸੀਂ ਕਿਸੇ ਵੀ ਦਿਸ਼ਾ ਵਿੱਚ ਜਾ ਸਕਦੇ ਹੋ;

ਜੇ ਤੁਸੀਂ ਕਿਸੇ ਅਜਿਹੀ ਥਾਂ 'ਤੇ ਆ ਜਾਂਦੇ ਹੋ ਜਿਸ 'ਤੇ ਪਹਿਲਾਂ ਹੀ ਕੋਈ ਵਿਅਕਤੀ ਮੌਜੂਦ ਹੈ
ਤਾਂ ਤੁਸੀਂ ਉਨ੍ਹਾਂ ਨਾਲ ਹੀ ਖੜ੍ਹੇ ਹੋ ਸਕਦੇ ਹੋ।







# ਸੜਕ ਸੁਰੱਖਿਆ ਦਿਸ਼ਾਵਾਂ ਦੀ ਖੇਡ

Starting Out Safely

## ਤੁਹਾਡਾ ਬੱਚਾ ਕੀ ਸਿੱਖ ਰਿਹਾ ਹੈ

ਦਿਸ਼ਾਵਾਂ ਸੜਕ ਸੁਰੱਖਿਆ ਭਾਸ਼ਾ ਦਾ ਇੱਕ ਮਹੱਤਵਪੂਰਨ ਹਿੱਸਾ ਹਨ – ਖੱਬੇ ਅਤੇ ਸੱਜੇ, ਉਡੀਕ ਕਰੋ ਅਤੇ ਜਾਓ ਉਹ ਸ਼ਬਦ ਹਨ ਜੋ ਅਸੀਂ ਹਰ ਸਮੇਂ ਟ੍ਰੈਫਿਕ ਦੀ ਜਾਂਚ ਕਰਨ ਬਾਰੇ ਗੱਲ ਕਰਦੇ ਸਮੇਂ ਵਰਤਦੇ ਹਾਂ। ਇਹ ਗੇਮ ਬੱਚਿਆਂ ਨੂੰ ਸੁਰੱਖਿਅਤ ਢੰਗ ਨਾਲ ਉਨ੍ਹਾਂ ਦਾ ਅਭਿਆਸ ਕਰਨ ਵਿੱਚ ਮੱਦਦ ਕਰਦੀ ਹੈ।

## ਯਾਦ ਰੱਖਣਯੋਗ ਗੱਲਾਂ

**ਖੇਡਣ ਲਈ ਡਰਾਈਵ-ਵੇਅ ਬਹੁਤ ਹੀ ਖ਼ਤਰਨਾਕ ਸਥਾਨ ਹੋ ਸਕਦੇ ਹਨ** – ਕਿਰਪਾ ਕਰਕੇ ਇਸ ਗੇਮ ਨੂੰ ਕਿਸੇ ਸੁਰੱਖਿਅਤ ਜਗ੍ਹਾ ਜਿਵੇਂ ਕਿ ਡੈੱਕ, ਵਿਹੜੇ, ਵਾੜ ਲੱਗੇ ਕੰਕਰੀਟ ਵਾਲੇ ਖੇਤਰ ਜਾਂ ਅੰਦਰ ਕਰੋ।

## ਬੱਚਿਆਂ ਨਾਲ ਗਾਉਣ ਲਈ ਗੀਤ

https://childroadsafety.org.au/parents/road-safety-songs/

## ਮਾਪਿਆਂ ਲਈ ਜਾਣਕਾਰੀ

https://childroadsafety.org.au/parents/parent-resource/

### ਕਿਵੇਂ ਖੇਡਣਾ ਹੈ...

*ਇਸ 'ਤੇ 6 ਨਿਰਦੇਸ਼ਾਂ ਲਿਖਕੇ ਇੱਕ ਪਾਸਾ (ਗੀਟੀ) ਬਣਾਓ – ਅੱਗੇ, ਪਿੱਛੇ, ਖੱਬੇ, ਸੱਜੇ, ਉਡੀਕ ਕਰੋ ਅਤੇ ਜਾਓ।*

*ਇਸ ਖੇਡ ਦਾ ਉਦੇਸ਼ ਸ਼ੁਰੂਆਤ ਤੋਂ ਅੰਤ ਵਾਲੇ ਬਿੰਦੂ ਤੱਕ ਜਾਣਾ ਹੈ।*



# ਘਰ ਵਿੱਚ ਸੜਕ ਸੁਰੱਖਿਆ ਸੰਬੰਧੀ ਸਿੱਖਿਆ

## ਸਿੱਖਿਆ ਅਨੁਭਵ ਜੋ ਬੱਚਿਆਂ ਨੂੰ ਸਾਡੀਆਂ ਸੜਕਾਂ 'ਤੇ ਵਧੇਰੇ ਸੁਰੱਖਿਅਤ ਬਣਨ ਵਿੱਚ ਸਹਾਇਤਾ ਕਰਦੇ ਹਨ

Starting Out Safely

# ਸੜਕ ਸੁਰੱਖਿਆ ਖਜ਼ਾਨੇ ਦੀ ਭਾਲ

ਸੜਕ ਸੁਰੱਖਿਆ ਖਜ਼ਾਨਾ ਖੋਜ ਬੱਚਿਆਂ ਦੇ ਸਥਾਨਕ ਵਾਤਾਵਰਣ ਵਿੱਚ ਸੜਕ ਸੁਰੱਖਿਆ ਸਾਧਨਾਂ ਅਤੇ ਸੜਕ ਦੀ ਸੁਰੱਖਿਅਤ ਵਰਤੋਂ ਅਤੇ ਸੜਕ ਸੁਰੱਖਿਆ ਸੰਬੰਧੀ ਸ਼ਬਦਾਂ ਬਾਰੇ ਜਾਣਨ ਦਾ ਇੱਕ ਮਜ਼ੇਦਾਰ ਤਰੀਕਾ ਹੈ।

3 – 8 ਸਾਲ

*ਇਹ ਅਨੁਭਵ ਇਨ੍ਹਾਂ ਲਈ ਸਭ ਤੋਂ ਵਧੀਆ ਕੰਮ ਕਰੇਗਾ:*

**3–8 ਸਾਲ ਦੀ ਉਮਰ ਦੇ ਬੱਚਿਆਂ ਲਈ।**

ਛੋਟੇ ਬੱਚਿਆਂ ਨੂੰ ਇਸ ਵਿੱਚ ਮੱਦਦ ਦੀ ਲੋੜ ਪਵੇਗੀ, ਵੱਡੇ ਬੱਚੇ ਜ਼ਿਆਦਾਤਰ ਇਸਨੂੰ ਆਪਣੇ ਆਪ ਕਰਨ ਦੇ ਯੋਗ ਹੋਣਗੇ।

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

ਸੜਕ ਸੁਰੱਖਿਆ ਖਜ਼ਾਨੇ ਦੀ ਖੋਜ ਸੂਚੀ।

ਤੁਹਾਡੇ ਬੱਚੇ ਨਾਲ ਖਜ਼ਾਨੇ ਦੀ ਭਾਲ ਕਰਨ ਲਈ ਕਿਸੇ ਵੱਡੇ ਦਾ ਨਾਲ ਹੋਣਾ ਜ਼ਰੂਰੀ ਹੈ।

## ਇਸਨੂੰ ਕਿਵੇਂ ਕਰਨਾ ਹੈ

ਖੋਜ 'ਤੇ ਜਾਣ ਤੋਂ ਪਹਿਲਾਂ ਆਪਣੇ ਬੱਚੇ/ਬੱਚਿਆਂ ਨਾਲ ਸੂਚੀ ਵਿਚਲੀਆਂ ਚੀਜ਼ਾਂ ਬਾਰੇ ਗੱਲ ਕਰੋ। ਤੁਹਾਨੂੰ ਹੋਰ ਕਿਹੜੀਆਂ ਚੀਜ਼ਾਂ ਲੱਭ ਸਕਦੀਆਂ ਹਨ – ਇਸ ਸੂਚੀ ਵਿੱਚ ਆਪਣੀਆਂ ਕੁੱਝ ਚੀਜ਼ਾਂ ਸ਼ਾਮਲ ਕਰੋ।

ਕੀ ਤੁਹਾਡੇ ਬੱਚੇ ਨੂੰ ਪਤਾ ਹੈ ਕਿ ਕੀ ਇਹ ਚੀਜ਼ਾਂ ਨੇੜੇ ਹਨ?

ਜਾਣ ਤੋਂ ਪਹਿਲਾਂ ਉਸ ਚੀਜ਼ ਦੀ ਤਸਵੀਰ ਉਲੀਕੋ ਤਾਂ ਜੋ ਤੁਹਾਡਾ ਬੱਚਾ ਯਾਦ ਰੱਖ ਸਕੇ ਕਿ ਉਹ ਕੀ ਲੱਭ ਰਿਹਾ ਹੈ।

ਆਪਣੇ ਸਥਾਨਕ ਖੇਤਰ ਦੇ ਆਲੇ-ਦੁਆਲੇ ਪੈਦਲ ਚੱਲੋ ਅਤੇ ਖਜ਼ਾਨਾ ਖੋਜ ਸੂਚੀ ਵਿਚਲੀਆਂ ਚੀਜ਼ਾਂ ਦੀ ਭਾਲ ਕਰੋ – ਉਨ੍ਹਾਂ ਤੋਂ ਲੰਘਦੇ ਸਮੇਂ ਉਹਨਾਂ 'ਤੇ ਨਿਸ਼ਾਨ ਲਗਾਓ।

ਇਸ ਬਾਰੇ ਗੱਲ ਕਰੋ ਕਿ ਇਹ ਚੀਜ਼ਾਂ ਸਾਨੂੰ ਸੜਕ 'ਤੇ ਸੁਰੱਖਿਅਤ ਰੱਖਣ ਵਿੱਚ ਕਿਵੇਂ ਮੱਦਦ ਕਰਦੀਆਂ ਹਨ। ਉਦਾਹਰਨ ਲਈ, ਫੁੱਟਪਾਥ ਉੱਥੇ ਹੈ ਇਸ ਲਈ ਸਾਨੂੰ ਕਾਰਾਂ ਦੇ ਨੇੜੇ ਸੜਕ 'ਤੇ ਚੱਲਣ ਦੀ ਲੋੜ ਨਹੀਂ ਹੈ, ਕਿਨਾਰਾ ਸਾਨੂੰ ਦੱਸਦਾ ਹੈ ਕਿ ਸਾਨੂੰ ਰੁਕਣ ਅਤੇ ਪਾਰ ਕਰਨ ਤੋਂ ਪਹਿਲਾਂ ਟ੍ਰੈਫਿਕ ਦੇਖਣ ਦੀ ਲੋੜ ਹੈ, ਸਪੀਡ ਸਾਈਨ (ਸੰਕੇਤ) ਸਾਨੂੰ ਦੱਸਦੇ ਹਨ ਕਿ ਕਾਰਾਂ ਕਿੰਨੀ ਤੇਜ਼ੀ ਨਾਲ ਜਾ ਰਹੀਆਂ ਹਨ।





# ਸੜਕ ਸੁਰੱਖਿਆ ਖਜ਼ਾਨੇ ਦੀ ਭਾਲ

Starting Out Safely

## ਤੁਹਾਡਾ ਬੱਚਾ ਕੀ ਸਿੱਖ ਰਿਹਾ ਹੈ

ਆਪਣੇ ਸਥਾਨਕ ਵਾਤਾਵਰਣ ਵਿੱਚ ਸੜਕ ਸੁਰੱਖਿਆ ਸਾਧਨਾਂ ਦੀ ਪਛਾਣ ਕਿਵੇਂ ਕਰੀਏ, ਸੜਕ ਦੀ ਸੁਰੱਖਿਅਤ ਵਰਤੋਂ ਕਿਵੇਂ ਕਰੀਏ, ਸੜਕ ਸੁਰੱਖਿਆ ਸ਼ਬਦਾਵਲੀ।

## ਯਾਦ ਰੱਖਣਯੋਗ ਗੱਲਾਂ

ਆਪਣੇ ਬੱਚੇ ਨਾਲ ਇਸ ਬਾਰੇ ਗੱਲ ਕਰੋ ਕਿ ਤੁਹਾਡੇ ਅਤੇ ਤੁਹਾਡੇ ਪਰਿਵਾਰ ਲਈ ਸੁਰੱਖਿਅਤ ਰਹਿਣਾ ਕਿੰਨਾ ਮਹੱਤਵਪੂਰਨ ਹੈ।

ਇਸ ਗੇਮ ਨੂੰ ਖੇਡਦੇ ਸਮੇਂ, ਜਾਂ ਕੋਈ ਹੋਰ ਗਤੀਵਿਧੀ ਕਰਦੇ ਸਮੇਂ, ਜਦੋਂ ਆਪਣੇ ਭਾਈਚਾਰੇ ਵਿੱਚ ਘਰੋਂ ਬਾਹਰ ਹੁੰਦੇ ਹੋ, ਸੁਰੱਖਿਅਤ ਰਹਿਣਾ ਸਾਨੂੰ ਸਾਰਿਆਂ ਨੂੰ ਲਾਜ਼ਮੀ ਯਾਦ ਹੋਣਾ ਚਾਹੀਦਾ ਹੈ।

ਤੁਸੀਂ ਇਹ ਵੀ ਕਹਿ ਸਕਦੇ ਹੋ, *"ਆਓ ਇੱਥੇ ਫੁੱਟਪਾਥ 'ਤੇ ਰੁਕੀਏ ਅਤੇ ਸਪੀਡ ਸੰਕੇਤ ਨੂੰ ਦੇਖੀਏ ਤਾਂ ਜੋ ਅਸੀਂ ਦੇਖਣ 'ਤੇ ਧਿਆਨ ਕੇਂਦਰਿਤ ਕਰ ਸਕੀਏ ਅਤੇ ਫਿਰ ਜਦੋਂ ਸਾਨੂੰ ਇਹ ਮਿਲ ਜਾਵੇ ਤਾਂ ਚੱਲਣਾ ਜਾਰੀ ਰੱਖੀਏ।"*

## ਤੁਹਾਡੇ ਬੱਚੇ ਨੂੰ ਪੁੱਛਣ ਲਈ ਸਵਾਲ ਅਤੇ ਕਿਸ ਬਾਰੇ ਗੱਲ ਕਰਨੀ ਹੈ

*"ਸਾਨੂੰ ਇਸਦੀ ਲੋੜ ਕਿਉਂ ਹੈ?"*

*"ਇਹ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਕਿਵੇਂ ਮੱਦਦ ਕਰਦਾ ਹੈ?"*

*"ਤੁਹਾਨੂੰ ਕੀ ਲੱਗਦਾ ਹੈ ਜੇ ਇਹ ਸਾਰੇ ਟ੍ਰੈਫਿਕ ਚਿੰਨ੍ਹ ਅਤੇ ਸਾਧਨ ਇੱਥੇ ਨਾ ਹੋਣ ਤਾਂ ਕੀ ਹੋ ਸਕਦਾ ਹੈ?"*

## ਮਾਪਿਆਂ ਲਈ ਜਾਣਕਾਰੀ

https://childroadsafety.org.au/pedestrians/children-as-pedestrians/

ਪੁੱਛੋ...

*"ਸਾਨੂੰ ਇਸਦੀ ਲੋੜ ਕਿਉਂ ਹੈ?"*

*"ਇਹ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਕਿਵੇਂ ਮੱਦਦ ਕਰਦਾ ਹੈ?"*



# ਸੜਕ ਸੁਰੱਖਿਆ ਖਜ਼ਾਨੇ ਦੀ ਭਾਲ

| ਸੜਕ ਸੁਰੱਖਿਆ ਸੰਬੰਧੀ ਚੀਜ਼ | ਉਸ ਚੀਜ਼ ਦੀ ਤੁਹਾਡੇ ਵੱਲੋਂ ਕੀਤੀ ਡਰਾਇੰਗ | ✓ ✕ |
|---|---|---|
| ਰੁਕਣ ਦਾ ਚਿੰਨ੍ਹ | | |
| ਫੁੱਟਪਾਥ | | |
| ਪੈਦਲ ਚਾਲਕਾਂ ਲਈ ਰਸਤਾ | | |
| ਸਪੀਡ ਸੰਕੇਤ | | |

# ਸੜਕ ਸੁਰੱਖਿਆ ਖਜ਼ਾਨੇ ਦੀ ਭਾਲ

| ਸੜਕ ਸੁਰੱਖਿਆ ਸੰਬੰਧੀ ਚੀਜ਼ | ਉਸ ਚੀਜ਼ ਦੀ ਤੁਹਾਡੇ ਵੱਲੋਂ ਕੀਤੀ ਡਰਾਇੰਗ | ✓ ✕ |
|---|---|---|
| ਡਰਾਈਵ ਵੇਅ | | |
| ਸੜਕ ਦਾ ਕਿਨਾਰਾ | | |
| ਟ੍ਰੈਫਿਕ ਲਾਈਟਾਂ | | |
| ਲੈਵਲ ਕਰਾਸਿੰਗ | | |

# ਸੜਕ ਸੁਰੱਖਿਆ ਖਜ਼ਾਨੇ ਦੀ ਭਾਲ

| ਸੜਕ ਸੁਰੱਖਿਆ ਸੰਬੰਧੀ ਚੀਜ਼ | ਉਸ ਚੀਜ਼ ਦੀ ਤੁਹਾਡੇ ਵੱਲੋਂ ਕੀਤੀ ਡਰਾਇੰਗ | ✓✕ |
|---|---|---|
| ਸਾਂਝਾ ਸਾਈਕਲ/ ਫੁੱਟਪਾਥ ਮਾਰਗ | | |
| ਆਪਣਾ ਖੁਦ ਦਾ ਉਲੀਕੋ | | |
| | | |
| | | |

# ਸੜਕੀ ਚਿੰਨ੍ਹ ਕਾਰਡ ਗੇਮਾਂ

ਸੜਕੀ ਚਿੰਨ੍ਹ ਕਾਰਡ ਗੇਮ ਖੇਡਣ ਨਾਲ ਬੱਚਿਆਂ ਨੂੰ ਉਹਨਾਂ ਚਿੰਨ੍ਹਾਂ ਬਾਰੇ ਸਿੱਖਣ ਵਿੱਚ ਮੱਦਦ ਮਿਲਦੀ ਹੈ ਜੋ ਸਾਡੀਆਂ ਸੜਕਾਂ 'ਤੇ ਸੁਰੱਖਿਅਤ ਰਹਿਣ ਵਿੱਚ ਸਾਡੀ ਮੱਦਦ ਕਰਦੇ ਹਨ। ਬੱਚੇ ਜਿੰਨੇ ਜ਼ਿਆਦਾ ਇਨ੍ਹਾਂ ਚਿੰਨ੍ਹਾਂ ਨਾਲ ਖੇਡਦੇ ਹਨ, ਓਨਾ ਹੀ ਜ਼ਿਆਦਾ ਉਹ ਜਾਣ ਸਕਣਗੇ ਕਿ ਜਦੋਂ ਉਹ ਘਰੋਂ ਬਾਹਰ ਹੁੰਦੇ ਹਨ ਤਾਂ ਇਨ੍ਹਾਂ ਚਿੰਨ੍ਹਾਂ ਦਾ ਕੀ ਮਤਲਬ ਹੈ।

3 – 8 ਸਾਲ

*ਇਹ ਅਨੁਭਵ ਇਨ੍ਹਾਂ ਲਈ ਸਭ ਤੋਂ ਵਧੀਆ ਕੰਮ ਕਰੇਗਾ:*
3–8 ਸਾਲ ਦੀ ਉਮਰ ਦੇ ਬੱਚਿਆਂ ਲਈ।

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

'ਇਸਦੇ ਆਪਣੇ-ਆਪ ਰੰਗ ਭਰਨ' ਵਾਲੇ ਸੰਸਕਰਣ ਲਈ ਰੰਗਦਾਰ ਪ੍ਰਿੰਟਰ ਜਾਂ ਕਾਲਾ ਅਤੇ ਚਿੱਟਾ ਪ੍ਰਿੰਟਰ

ਕਾਰਡਾਂ ਦੇ ਪਿੱਛੇ ਗੱਤੇ ਨੂੰ ਲਗਾਉਣ ਲਈ
(ਸੀਰੀਅਲ ਜਾਂ ਬਿਸਕੁਟ ਦਾ ਡੱਬਾ ਠੀਕ ਹੈ)
ਗੂੰਦ
ਰੰਗਦਾਰ ਮਾਰਕਰ ਜੇ ਤੁਹਾਡੇ ਆਪਣੇ ਚਿੰਨ੍ਹਾਂ ਨੂੰ ਆਪ ਰੰਗ ਰਹੇ ਹੋ

## ਇਸਨੂੰ ਕਿਵੇਂ ਕਰਨਾ ਹੈ

ਆਪਣੇ ਕਾਰਡ ਖਾਕੇ ਨੂੰ ਛਾਪੋ ਅਤੇ ਲੋੜ ਪੈਣ 'ਤੇ ਗਾਈਡ ਦੇ ਤੌਰ 'ਤੇ ਰੰਗ ਭਰਿਆ ਹੋਇਆ ਸੰਸਕਰਣ ਉਹਨਾਂ ਵਿੱਚ ਰੰਗ ਭਰਨ ਲਈ ਵਰਤੋਂ।

ਕਾਰਡਾਂ ਨੂੰ ਕੱਟੋ ਅਤੇ ਉਹਨਾਂ ਨੂੰ ਗੱਤੇ 'ਤੇ ਚਿਪਕਾਓ

ਕਈ ਕਿਸਮ ਦੀਆਂ ਕਾਰਡ ਗੇਮਾਂ ਖੇਡਣ ਲਈ ਇਹਨਾਂ ਕਾਰਡਾਂ ਦੀ ਵਰਤੋਂ ਕਰੋ – ਸਨੈਪ, ਮੈਮੋਰੀ, ਗੋ ਫਿਸ਼






# ਸੜਕੀ ਚਿੰਨ੍ਹ ਕਾਰਡ ਗੇਮਾਂ

Starting Out Safely

## ਤੁਹਾਡਾ ਬੱਚਾ ਕੀ ਸਿੱਖ ਰਿਹਾ ਹੈ

ਉਹ ਸ਼ਬਦ ਜੋ ਸੜਕਾਂ 'ਤੇ ਸੁਰੱਖਿਅਤ ਰਹਿਣ ਬਾਰੇ ਬੱਚਿਆਂ ਦੇ ਸਿੱਖਣ ਦਾ ਸਮਰਥਨ ਕਰਦੇ ਹਨ।

ਗਲੀ ਵਿੱਚ ਲੱਗੇ ਚਿੰਨ੍ਹਾਂ ਨੂੰ ਕਿਵੇਂ ਪਛਾਣਿਆ ਜਾਵੇ ਅਤੇ ਉਹਨਾਂ ਦਾ ਕੀ ਅਰਥ ਹੈ।

## ਤੁਹਾਡੇ ਬੱਚੇ ਨੂੰ ਪੁੱਛਣ ਲਈ ਸਵਾਲ ਅਤੇ ਕਿਸ ਬਾਰੇ ਗੱਲ ਕਰਨੀ ਹੈ

*“ਇਸ ਚਿੰਨ੍ਹ ਦਾ ਕੀ ਅਰਥ ਹੈ?”*

*"ਜੇ ਤੁਸੀਂ ਇਹ ਚਿੰਨ੍ਹ ਵੇਖਦੇ ਹੋ ਤਾਂ ਤੁਸੀਂ ਕੀ ਕਰੋਗੇ?"*

ਜੇਕਰ ਤੁਹਾਡੇ ਬੱਚੇ ਨੂੰ ਉਸ ਚਿੰਨ੍ਹ ਨੂੰ ਪਛਾਣਨ ਵਿੱਚ ਮੁਸ਼ਕਲ ਆ ਰਹੀ ਹੈ ਤਾਂ ਤੁਸੀਂ ਉਸ ਕਾਰਵਾਈ ਦਾ ਵਰਣਨ ਕਰ ਸਕਦੇ ਹੋ। ਉਦਾਹਰਨ ਲਈ, 'ਗੋ ਫਿਸ਼' ਵਿੱਚ

*"ਕੀ ਤੁਹਾਡੇ ਕੋਲ ਉਹ ਚਿੰਨ੍ਹ ਹੈ ਜੋ ਸਾਨੂੰ ਦੱਸਦਾ ਹੈ ਕਿ ਸਾਨੂੰ ਹੌਲੀ-ਹੌਲੀ ਜਾਣਾ ਪਵੇਗਾ?"*

## ਇਸ ਗਤੀਵਿਧੀ ਨੂੰ ਵਧਾਉਣ ਦੇ ਤਰੀਕੇ

ਘਰ ਦੇ ਪਿਛਲੇ ਵਿਹੜੇ ਵਿੱਚ ਬਾਹਰ ਸਾਈਕਲ ਅਤੇ ਸਕੂਟਰਾਂ ਨਾਲ ਵਰਤਣ ਲਈ ਆਪਣੇ ਖੁਦ ਦੇ ਵੱਡੇ ਸੜਕੀ ਚਿੰਨ੍ਹ ਬਣਾਓ।

## ਮਾਪਿਆਂ ਲਈ ਜਾਣਕਾਰੀ

https://childroadsafety.org.au/parents/parent-resource/





**ਪੁੱਛੋ...**
**“ਇਸ ਚਿੰਨ੍ਹ ਦਾ ਕੀ ਅਰਥ ਹੈ?”**
**"ਜੇ ਤੁਸੀਂ ਇਹ ਚਿੰਨ੍ਹ ਵੇਖਦੇ ਹੋ ਤਾਂ ਤੁਸੀਂ ਕੀ ਕਰੋਗੇ?"**



CHILDREN
STOP
CROSSING




ONLY


RAILWAY
CROSSING


STOP




GIVE
WAY

ONLY


40







40





STOP



ONLY





RAILWAY
CROSSING


GIVE
WAY


CHILDREN
STOP
CROSSING


ONLY



# ਸੀਟ ਬੈਲਟ ਸੁਰੱਖਿਆ – ਗੱਤੇ ਦੇ ਡੱਬੇ ਵਾਲੇ ਵਾਹਨ ਨੂੰ ਬਣਾਉਣਾ

ਗੱਤੇ ਦੇ ਡੱਬੇ ਦੀ ਕਾਰ ਬਣਾਉਣਾ ਅਤੇ ਵਰਤਣਾ ਬੱਚਿਆਂ ਨੂੰ ਸੀਟ ਬੈਲਟਾਂ ਦੀ ਮਹੱਤਤਾ ਬਾਰੇ ਅਤੇ ਇਸ ਬਾਰੇ ਜਾਣਨ ਵਿੱਚ ਸਹਾਇਤਾ ਕਰਦਾ ਹੈ ਕਿ ਜਦੋਂ ਅਸੀਂ ਕਾਰ ਵਿੱਚ ਹੁੰਦੇ ਹਾਂ ਤਾਂ ਉਹ ਸਾਨੂੰ ਕਿਵੇਂ ਸੁਰੱਖਿਅਤ ਰੱਖਦੇ ਹਨ।

18 ਮਹੀਨੇ – 4 ਸਾਲ

*ਇਹ ਅਨੁਭਵ ਇਨ੍ਹਾਂ ਲਈ ਸਭ ਤੋਂ ਵਧੀਆ ਕੰਮ ਕਰੇਗਾ:*
**18 ਮਹੀਨੇ – 4 ਸਾਲ ਦੀ ਉਮਰ ਦੇ ਬੱਚਿਆਂ ਲਈ।**
ਛੋਟੇ ਬੱਚਿਆਂ ਨੂੰ ਇਸ ਵਿੱਚ ਮੱਦਦ ਦੀ ਲੋੜ ਪਵੇਗੀ, ਵੱਡੇ ਬੱਚੇ ਜ਼ਿਆਦਾਤਰ ਇਸਨੂੰ ਆਪਣੇ ਆਪ ਕਰਨ ਦੇ ਯੋਗ ਹੋਣਗੇ।

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

ਤੁਹਾਡੇ ਬੱਚੇ ਦੇ ਅੰਦਰ ਜਾਣ ਲਈ ਕਾਫ਼ੀ ਵੱਡਾ ਗੱਤੇ ਦਾ ਡੱਬਾ ਹੈ – ਇੱਕ ਵੱਡਾ ਨੈਪੀਆਂ ਵਾਲਾ ਡੱਬਾ ਵਧੀਆ ਰਹਿੰਦਾ ਹੈ

ਡੱਬੇ ਦੇ ਬਣੇ ਵਾਹਨ ਨੂੰ ਸਜਾਉਣ ਲਈ ਕਲਾ ਸਮੱਗਰੀ – ਤੁਹਾਡੇ ਕੋਲ ਜੋ ਵੀ ਹੈ ਤੁਸੀਂ ਉਸਨੂੰ ਵਰਤ ਸਕਦੇ ਹੋ।

ਸੀਟ ਬੈਲਟ ਦੇ ਤੌਰ 'ਤੇ ਵਰਤਣ ਲਈ ਰਿਬਨ ਜਾਂ ਕੱਪੜੇ ਦੀਆਂ ਪੱਟੀਆਂ (ਅੱਪਸਾਈਕਲਿੰਗ ਟਿਪ – ਤੁਸੀਂ ਪੱਟੀਆਂ ਕੱਟਣ ਲਈ ਕਿਸੇ ਪੁਰਾਣੀ ਟੀ-ਸ਼ਰਟ ਦੀ ਵਰਤੋਂ ਕਰ ਸਕਦੇ ਹੋ)।

ਸਟੀਅਰਿੰਗ ਵ੍ਹੀਲ ਵਜੋਂ ਵਰਤਣ ਲਈ ਕੋਈ ਗੋਲ ਵਸਤੂ – ਉਦਾਹਰਨ ਲਈ, ਕਾਗਜ਼ ਜਾਂ ਪਲਾਸਟਿਕ ਦੀ ਪਲੇਟ।

## ਇਸਨੂੰ ਕਿਵੇਂ ਕਰਨਾ ਹੈ

ਡੱਬੇ ਨੂੰ ਹੇਠਾਂ ਤੋਂ ਕੱਟੋ, ਸਿਰਫ਼ ਪਾਸਿਆਂ ਨੂੰ ਛੱਡ ਕੇ।

ਸੀਟ ਬੈਲਟ ਵਜੋਂ ਵਰਤਣ ਲਈ ਅਤੇ ਡੱਬੇ ਵਿੱਚ ਕੁੱਝ ਛੇਕ ਕਰਕੇ ਅਤੇ ਰਿਬਨ ਨੂੰ ਬੰਨ੍ਹ ਕੇ ਕਾਰ ਨੂੰ ਉੱਪਰ ਰੱਖਣ ਲਈ ਪੱਟੀਆਂ ਦੇ ਰੂਪ ਵਿੱਚ ਰਿਬਨ ਜਾਂ ਟੇਪ ਦੀ ਲੰਬਾਈ ਜੋੜੋ।

ਆਪਣੀ ਕਲਾ ਸਮੱਗਰੀ ਨਾਲ ਡੱਬੇ ਨੂੰ ਸਜਾਓ।

ਕਿਸੇ ਮਨਪਸੰਦ ਖਿਡੌਣੇ ਲਈ ਕਾਰ ਸੀਟ ਦੇ ਰੂਪ ਵਿੱਚ ਪਿੱਛੇ ਇੱਕ ਹੋਰ ਛੋਟਾ ਡੱਬਾ ਲਗਾਓ – ਖਿਡੌਣੇ ਲਈ ਸਹੀ ਕਿਸਮ ਦੀ ਸੀਟ ਬੈਲਟ ਨੂੰ ਨਾ ਭੁੱਲੋ।

ਅੰਦਰ ਜਾਓ, ਆਪਣੀ ਸੀਟ ਬੈਲਟ ਲਗਾਓ ਅਤੇ ਜਾਓ!

ਸੀਟ ਬੈਲਟ ਅਤੇ ਕਾਰ ਸੀਟ ਸੁਰੱਖਿਆ ਬਾਰੇ ਗੱਲ ਕਰੋ।



# ਸੀਟ ਬੈਲਟ ਸੁਰੱਖਿਆ – ਗੱਤੇ ਦੇ ਡੱਬੇ ਵਾਲੇ ਵਾਹਨ ਨੂੰ ਬਣਾਉਣਾ

Starting Out Safely

## ਤੁਹਾਡਾ ਬੱਚਾ ਕੀ ਸਿੱਖ ਰਿਹਾ ਹੈ

ਉਹ ਸ਼ਬਦ ਜੋ ਸੁਰੱਖਿਅਤ ਹੋਣ ਦਾ ਵਰਣਨ ਕਰਦੇ ਹਨ ਅਤੇ ਸੜਕਾਂ 'ਤੇ ਸੁਰੱਖਿਅਤ ਰਹਿਣ ਬਾਰੇ ਬੱਚਿਆਂ ਦੇ ਸਿੱਖਣ ਦਾ ਸਮਰਥਨ ਕਰਦੇ ਹਨ।

ਹਰ ਕਿਸੇ ਨੂੰ ਸੁਰੱਖਿਅਤ ਰਹਿਣ ਲਈ ਕਾਰ ਵਿੱਚ ਢੁੱਕਵੀਂ ਸੀਟ ਬੈਲਟ ਜਾਂ ਕਾਰ ਸੀਟ ਦੀ ਲੋੜ ਹੁੰਦੀ ਹੈ।

## ਯਾਦ ਰੱਖਣਯੋਗ ਗੱਲਾਂ

ਜਿੰਨ੍ਹਾਂ ਜ਼ਿਆਦਾ ਅਸੀਂ ਸੜਕ ਸੁਰੱਖਿਆ ਭਾਸ਼ਾ ਦੀ ਵਰਤੋਂ ਕਰਦੇ ਹਾਂ, ਸਾਡੇ ਬੱਚੇ ਓਨ੍ਹਾਂ ਹੀ ਜ਼ਿਆਦਾ ਇਸਤੋਂ ਜਾਣੂ ਹੋਣਗੇ। ਇਹ ਸੜਕ ਨਿਯਮਾਂ ਨੂੰ ਸਮਝਣਾ ਆਸਾਨ ਬਣਾਉਂਦਾ ਹੈ ਅਤੇ ਸੜਕ ਸੁਰੱਖਿਆ ਦੇ ਮਹੱਤਵ ਨੂੰ ਉਮਰ ਵਧਣ ਦੇ ਨਾਲ-ਨਾਲ ਆਸਾਨ ਬਣਾਉਂਦਾ ਹੈ।

## ਤੁਹਾਡੇ ਬੱਚੇ ਨੂੰ ਪੁੱਛਣ ਲਈ ਸਵਾਲ ਅਤੇ ਕਿਸ ਬਾਰੇ ਗੱਲ ਕਰਨੀ ਹੈ

*"ਕੀ ਕਾਰ ਵਿੱਚ ਹਰ ਕੋਈ ਸੁਰੱਖਿਅਤ ਹੈ?"*
*"ਕੀ ਤੁਸੀਂ ਆਪਣੀ ਸੀਟ ਬੈਲਟ ਲਗਾਈ ਹੋਈ ਹੈ?"*
*"ਕੀ ਜਾਣਾ ਸੁਰੱਖਿਅਤ ਹੈ? ਠੀਕ ਹੈ, ਚੱਲੋ"।*

ਰੁਕਣ, ਜਾਣ, ਤੇਜ਼, ਹੌਲੀ ਵਰਗੇ ਸੰਕਲਪਾਂ 'ਤੇ ਚਰਚਾ ਕਰੋ।

ਆਪਣੇ ਬੱਚੇ ਲਈ ਟ੍ਰੈਫਿਕ ਚਿੰਨ੍ਹ (ਉਨ੍ਹਾਂ ਨੂੰ ਕਿਵੇਂ ਬਣਾਉਣਾ ਹੈ ਇਸ ਲਈ ਸਾਡਾ ਸਰੋਤ ਦੇਖੋ) ਨੂੰ ਫੜੀ ਰੱਖੋ ਅਤੇ ਹਿਦਾਇਤ ਦਿਓ – ਰੁਕੋ, ਜਾਓ, ਰਸਤਾ ਦਿਓ, ਹੌਲੀ ਹੋਵੋ।

## ਬੱਚਿਆਂ ਨਾਲ ਗਾਉਣ ਲਈ ਗੀਤ

https://childroadsafety.org.au/parents/road-safety-songs/

## ਇਸ ਗਤੀਵਿਧੀ ਨੂੰ ਵਧਾਉਣ ਦੇ ਤਰੀਕੇ

ਆਪਣੇ ਖੁਦ ਦੇ ਸੜਕੀ ਚਿੰਨ੍ਹ ਬਣਾਓ ਅਤੇ ਉਹਨਾਂ ਨੂੰ ਘਰ ਜਾਂ ਪਿਛਲੇ ਵਿਹੜੇ ਵਿੱਚ ਲਗਾਓ। ਇਹ ਕਿਵੇਂ ਕਰਨਾ ਹੈ ਇਸ ਲਈ ਸਾਡੀ ਸੜਕ ਚਿੰਨ੍ਹ ਗਤੀਵਿਧੀ ਦੇਖੋ।

## ਮਾਪਿਆਂ ਲਈ ਜਾਣਕਾਰੀ

https://childroadsafety.org.au/cars/child-car-seats/




ਪੁੱਛੋ...
"ਕੀ ਕਾਰ ਵਿੱਚ ਹਰ ਕੋਈ ਸੁਰੱਖਿਅਤ ਹੈ?"
"ਕੀ ਤੁਸੀਂ ਆਪਣੀ ਸੀਟ ਬੈਲਟ ਲਗਾਈ ਹੋਈ ਹੈ?"

Starting Out Safely

# ਬੱਚਿਆਂ ਨਾਲ ਪ੍ਰੈਮ ਵਿੱਚ ਸੈਰ ਕਰਨ ਜਾਣਾ – ਰੁਕੋ, ਦੇਖੋ, ਸੁਣੋ, ਸੋਚੋ

ਆਪਣੇ ਬੱਚੇ ਨਾਲ ਉਸਦੇ ਪ੍ਰੈਮ ਵਿੱਚ ਹੁੰਦੇ ਸਮੇਂ ਸੈਰ 'ਤੇ ਜਾਣਾ ਇੱਕ ਮੁਸਾਫ਼ਿਰ ਦੇ ਰੂਪ ਵਿੱਚ ਸੁਰੱਖਿਅਤ ਰਹਿਣ ਬਾਰੇ ਸਿੱਖਣ ਵਿੱਚ ਉਹਨਾਂ ਦੀ ਮੱਦਦ ਕਰਨ ਅਤੇ ਇਹ ਸਮਝਣ ਵਿੱਚ ਮੱਦਦ ਕਰਨ ਦਾ ਇੱਕ ਵਧੀਆ ਤਰੀਕਾ ਹੈ ਕਿ ਜਦੋਂ ਉਹ ਘਰੋਂ ਬਾਹਰ ਹੁੰਦੇ ਹਨ ਤਾਂ ਕਿਵੇਂ ਰੁਕਣਾ, ਦੇਖਣਾ, ਸੁਣਨਾ, ਸੋਚਣਾ ਹੈ।

ਜਨਮ – 3 ਸਾਲ

*ਇਹ ਅਨੁਭਵ ਇਨ੍ਹਾਂ ਲਈ ਸਭ ਤੋਂ ਵਧੀਆ ਕੰਮ ਕਰੇਗਾ:*
**ਜਨਮ ਤੋਂ 3 ਸਾਲ ਤੱਕ ਦੀ ਉਮਰ ਦੇ ਬੱਚਿਆਂ ਲਈ।**

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

ਸੁਰੱਖਿਅਤ ਪ੍ਰੈਮ ਜਾਂ ਸਟ੍ਰੋਲਰ।

ਸੁਰੱਖਿਅਤ ਪ੍ਰੈਮ ਅਤੇ ਸਟ੍ਰੋਲਰਾਂ ਬਾਰੇ ਹੋਰ ਜਾਣਕਾਰੀ ਲਈ ਇਸ ਲਿੰਕ 'ਤੇ ਜਾਓ https://www.productsafety.gov.au/products/babies-kids/kids-equipment/prams-strollers

ਖ਼ਰੀਦਣ ਦੇ ਸੁਝਾਅ ਅਤੇ ਸੁਰੱਖਿਅਤ ਵਰਤੋਂ ਬਾਰੇ ਜਾਣਕਾਰੀ ਲਈ https://raisingchildren.net.au/babies/safety/equipment-furniture/pram-stroller-safety 'ਤੇ ਜਾਓ।

ਇਹ ਉਦੋਂ ਵੀ ਕੀਤਾ ਜਾ ਸਕਦਾ ਹੈ ਜਦੋਂ ਤੁਸੀਂ ਆਪਣੇ ਬੱਚੇ ਨੂੰ ਬੇਬੀ ਕੈਰੀਅਰ ਵਿੱਚ ਲਿਜਾ ਰਹੇ ਹੁੰਦੇ ਹੋ ਜਾਂ ਛੋਟੇ ਬੱਚੇ ਦਾ ਹੱਥ ਫੜ੍ਹ ਕੇ ਚੱਲਦੇ ਹੋ। ਹਾਲਾਂਕਿ, 4 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਲਈ ਬੇਬੀ ਕੈਰੀਅਰ ਵਰਤਣ ਦੀ ਸਿਫਾਰਸ਼ ਨਹੀਂ ਕੀਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ https://raisingchildren.net.au/newborns/safety/equipment-furniture/baby-carrier-sling-safety 'ਤੇ ਜਾਓ।

## ਇਸਨੂੰ ਕਿਵੇਂ ਕਰਨਾ ਹੈ

ਇਹ ਯਕੀਨੀ ਬਣਾਓ ਕਿ ਤੁਹਾਡਾ ਬੱਚਾ ਆਪਣੀ ਪ੍ਰੈਮ ਵਿੱਚ ਸੁਰੱਖਿਅਤ ਹੈ – ਮੋਢੇ ਦੀਆਂ ਪੱਟੀਆਂ ਸਮੇਤ, ਹਾਰਨੇਸ ਨੂੰ ਚੰਗੀ ਤਰ੍ਹਾਂ ਫਿੱਟ ਹੋਣ ਨਾਲ।

ਸਮਝਾਓ ਕਿ ਤੁਸੀਂ ਕੀ ਕਰ ਰਹੇ ਹੋ ਅਤੇ ਕਿਉਂ ਜਦੋਂ ਕਿ ਤੁਸੀਂ ਆਪਣੇ ਬੱਚੇ ਨੂੰ ਆਪਣੀ ਪ੍ਰੈਮ ਵਿੱਚ ਬੰਨ੍ਹਦੇ ਹੋ।

ਸਭ ਤੋਂ ਛੋਟੇ ਜਾਂ ਸਭ ਤੋਂ ਸੁਵਿਧਾਜਨਕ ਰਸਤੇ ਦੀ ਬਜਾਏ ਹਮੇਸ਼ਾ ਸਭ ਤੋਂ ਸੁਰੱਖਿਅਤ ਰਸਤੇ 'ਤੇ ਚੱਲੋ।





# ਬੱਚਿਆਂ ਨਾਲ ਪ੍ਰੈਮ ਵਿੱਚ ਸੈਰ ਕਰਨ ਜਾਣਾ – ਰੁਕੋ, ਦੇਖੋ, ਸੁਣੋ, ਸੋਚੋ

Starting Out Safely

## ਤੁਹਾਡਾ ਬੱਚਾ ਕੀ ਸਿੱਖ ਰਿਹਾ ਹੈ

ਗਲੀਆਂ ਵਿੱਚ ਸੁਰੱਖਿਅਤ ਚੱਲਣ ਬਾਰੇ ਬਹੁਤ ਸਾਰੀ ਭਾਸ਼ਾ। ਫੁੱਟਪਾਥ, ਟਰੈਫਿਕ ਲਾਈਟਾਂ, ਕਰਬ ਆਦਿ ਸਮੇਤ ਗਲੀ ਦੇ ਵੱਖ-ਵੱਖ ਹਿੱਸਿਆਂ ਦੇ ਨਾਂ।

ਕਿ ਤੁਸੀਂ ਸੁਰੱਖਿਅਤ ਢੰਗ ਨਾਲ ਤੁਰਨ ਨੂੰ ਗੰਭੀਰਤਾ ਨਾਲ ਲੈਂਦੇ ਹੋ – ਕਿ ਤੁਸੀਂ ਉਹਨਾਂ ਨੂੰ ਸੁਰੱਖਿਅਤ ਰੱਖ ਰਹੇ ਹੋ।

ਹਾਲਾਂਕਿ ਅਸੀਂ ਇਹ ਉਮੀਦ ਨਹੀਂ ਕਰਦੇ ਕਿ ਬੱਚੇ ਇਹ ਸਮਝਣ ਕਿ ਉਹਨਾਂ ਨੂੰ ਇਸ ਉਮਰ ਵਿੱਚ 'ਰੁਕੋ, ਦੇਖੋ, ਸੁਣੋ, ਸੋਚੋ' ਕਰਨ ਦੀ ਲੋੜ ਕਿਉਂ ਹੈ ਜੇਕਰ ਉਹ ਇਸ ਸੰਕਲਪ ਤੋਂ ਜਾਣੂ ਹੋ ਜਾਂਦੇ ਹਨ ਤਾਂ ਉਹਨਾਂ ਲਈ ਬਾਅਦ ਵਿੱਚ ਇਸਨੂੰ ਯਾਦ ਰੱਖਣਾ ਆਸਾਨ ਹੋ ਜਾਵੇਗਾ।

## ਯਾਦ ਰੱਖਣਯੋਗ ਗੱਲਾਂ

ਇੱਕ ਚੰਗੇ ਰੋਲ ਮਾਡਲ ਬਣੋ – ਇਸ ਲਈ ਆਪਣੇ ਬੱਚੇ ਨੂੰ ਦਿਖਾਓ ਕਿ ਕਿਵੇਂ:

- ਪੈਦਲ ਚੱਲਣ ਵਾਲੇ ਲੋਕਾਂ ਦੀ ਵਰਤੋਂ ਵਾਲੇ ਰਸਤਿਆਂ ਜਾਂ ਟ੍ਰੈਫਿਕ ਲਾਈਟਾਂ (ਜੇ ਉਪਲਬਧ ਹੋਣ) ਦੇ ਨਾਲ ਸੜਕ ਕਿਵੇਂ ਪਾਰ ਕਰਨੀ ਹੈ ਅਤੇ ਕਾਰਾਂ ਦੇ ਵਿਚਕਾਰ ਸੜਕ ਪਾਰ ਕਰਨ ਤੋਂ ਗੁਰੇਜ਼ ਕਰੋ।
- ਸਿਰਫ਼ ਉਦੋਂ ਹੀ ਕਿਵੇਂ ਪਾਰ ਕਰਨਾ ਹੈ ਜਦੋਂ ਪੈਦਲ ਚੱਲਣ ਲਈ ਹਰਾ ਸਿਗਨਲ ਹੋਵੇ।
- ਜੇਕਰ ਕੋਈ ਕਰਾਸਿੰਗ ਨਹੀਂ ਹੈ, ਤਾਂ ਸੜਕ ਪਾਰ ਕਰਨ ਲਈ ਸਭ ਤੋਂ ਸੁਰੱਖਿਅਤ, ਸਭ ਤੋਂ ਸਾਫ਼ ਅਤੇ ਸਭ ਤੋਂ ਵੱਧ ਦਿਖਾਈ ਦੇਣ ਵਾਲੀ ਥਾਂ ਦੀ ਚੋਣ ਕਿਵੇਂ ਕਰਨੀ ਹੈ।
- ਸੜਕ ਪਾਰ ਕਰਨ ਤੋਂ ਪਹਿਲਾਂ ਹਮੇਸ਼ਾ ਦੋਵੇਂ ਪਾਸੇ ਕਿਵੇਂ ਦੇਖਣਾ ਹੈ।
- ਸੜਕ ਪਾਰ ਕਰਨ ਤੋਂ ਪਹਿਲਾਂ ਕਿਨਾਰੇ 'ਤੇ ਕਿਵੇਂ ਧਿਆਨ ਦੇਣਾ ਹੈ (ਕਦੇ ਵੀ ਫ਼ੋਨ 'ਤੇ ਜਾਂ ਕਿਸੇ ਹੋਰ ਬਾਲਗ ਨਾਲ ਗੱਲ ਨਾ ਕਰੋ)।
- ਹਮੇਸ਼ਾਂ ਡਰਾਈਵਵੇਅ ਵਿੱਚ ਆਉਣ-ਜਾਣ ਵਾਲੀਆਂ ਕਾਰਾਂ ਨੂੰ ਕਿਵੇਂ ਦੇਖੀਏ।

## ਤੁਹਾਡੇ ਬੱਚੇ ਨੂੰ ਪੁੱਛਣ ਲਈ ਸਵਾਲ ਅਤੇ ਕਿਸ ਬਾਰੇ ਗੱਲ ਕਰਨੀ ਹੈ

ਆਪਣੇ ਬਾਲ/ਬੱਚੇ ਨਾਲ ਇਸ ਬਾਰੇ ਗੱਲ ਕਰੋ ਕਿ ਤੁਸੀਂ ਕਿਨਾਰੇ 'ਤੇ ਕਿਉਂ ਰੁਕ ਰਹੇ ਹੋ, ਡਰਾਈਵ-ਵੇਅ ਤੋਂ ਬਾਹਰ ਆਉਣ ਵਾਲੀਆਂ ਕਾਰਾਂ ਨੂੰ ਦੇਖ ਰਹੇ ਹੋ ਅਤੇ ਤੁਸੀਂ ਕਿਵੇਂ ਜਾਣਦੇ ਹੋ ਕਿ ਇਹ ਸੁਰੱਖਿਅਤ ਹੈ। ਉਦਾਹਰਨ ਲਈ:

*"ਮੈਂ ਟ੍ਰੈਫਿਕ ਦੇਖ ਰਿਹਾ ਹਾਂ।"*
*"ਕੀ ਤੁਸੀਂ ਉਸ ਸਾਈਕਲ ਨੂੰ ਆਉਂਦੇ ਦੇਖ ਸਕਦੇ ਹੋ?"*
*"ਉਹ ਬਹੁਤ ਤੇਜ਼ੀ ਨਾਲ ਆ ਰਹੀ ਹੈ, ਇਸ ਲਈ ਅਸੀਂ ਉਡੀਕ ਕਰਾਂਗੇ।"*

*"ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਇਸਨੂੰ ਪਾਰ ਕਰਨਾ ਸੁਰੱਖਿਅਤ ਹੈ।"*

*"ਆਓ ਟ੍ਰੈਫਿਕ ਲਾਈਟਾਂ ਵੱਲ ਨੂੰ ਚੱਲੀਏ, ਉੱਥੋਂ ਸੜਕ ਪਾਰ ਕਰਨਾ ਜ਼ਿਆਦਾ ਸੁਰੱਖਿਅਤ ਹੈ।"*
*"ਜਦੋਂ ਅਸੀਂ ਸੜਕ ਦੇ ਕਿਨਾਰੇ 'ਤੇ ਰੁਕਦੇ ਹਾਂ, ਮੈਂ ਹਮੇਸ਼ਾ ਰੁਕ ਕੇ ਟ੍ਰੈਫਿਕ ਦੇਖਦਾ/ਦੀ ਹਾਂ।"*

*"ਮੈਂ ਇੱਕ ਉੱਚੀ ਆਵਾਜ਼ ਵਾਲਾ ਟਰੱਕ ਸੁਣ ਸਕਦਾ/ਦੀ ਹਾਂ, ਆਓ ਇੰਤਜ਼ਾਰ ਕਰੀਏ ਜਦੋਂ ਤੱਕ ਅਸੀਂ ਨਹੀਂ ਦੇਖ ਸਕਦੇ ਕਿ ਇਹ ਕਿੱਥੇ ਹੈ?"*

## ਬੱਚਿਆਂ ਨਾਲ ਗਾਉਣ ਲਈ ਗੀਤ

ਤੁਸੀਂ ਬੱਚਿਆਂ ਲਈ ਸੜਕ ਸੁਰੱਖਿਆ ਬਾਰੇ ਗੀਤ ਗਾ ਸਕਦੇ ਹੋ। ਬੱਚੇ ਗਾਣਿਆਂ ਨੂੰ ਕਈ ਵਾਰ ਸੁਣਨ ਤੋਂ ਬਾਅਦ ਸਿੱਖਣਗੇ – ਕਿਸੇ ਗੀਤ ਨੂੰ ਜਾਣਨਾ ਜਾਣ-ਪਛਾਣ ਦੀ ਭਾਵਨਾ ਪੈਦਾ ਕਰਦਾ ਹੈ ਤਾਂ ਜੋ ਬੱਚੇ ਵੱਡੇ ਹੋਣ ਦੇ ਨਾਲ-ਨਾਲ ਉਹ ਕਿਰਿਆਵਾਂ ਕਰਨਾ ਸਿੱਖ ਸਕਣ।

ਇਹ ਲਿੰਕ ਵੇਖੋ

## ਮਾਪਿਆਂ ਲਈ ਜਾਣਕਾਰੀ

https://rednose.org.au/article/prams-and-strollers



ਪੁੱਛੋ...
"ਆਓ ਟ੍ਰੈਫਿਕ ਲਾਈਟਾਂ ਵੱਲ ਨੂੰ ਚੱਲੀਏ, ਉੱਥੋਂ ਸੜਕ ਪਾਰ ਕਰਨਾ ਜ਼ਿਆਦਾ ਸੁਰੱਖਿਅਤ ਹੈ।"
"ਸਾਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਇਸਨੂੰ ਪਾਰ ਕਰਨਾ ਸੁਰੱਖਿਅਤ ਹੈ।"

## ਟਿੱਪਣੀਆਂ

ਹੋਰ ਜਾਣਕਾਰੀ > childroadsafety.org.au

ROAD SAFETY EDUCATION VICTORIA

Starting Out Safely

EARLY LEARNING ASSOCIATION AUSTRALIA

VICTORIA State Government